VPAS ਵਿਕਟੋਰੀਅਨ ਪੇਰੀਨੇਟਲ ਆਟੋਪਸੀ ਸੇਵਾ

# ਇਹ ਫੈਸਲਾ ਕਰਨਾ ਕਿ ਕੀ ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਹੋਣੀ ਚਾਹੀਦੀ ਹੈ

ਤੁਹਾਨੂੰ ਪਹੁੰਚੇ ਨੁਕਸਾਨ ਦਾ ਸਾਨੂੰ ਬਹੁਤ ਅਫ਼ਸੋਸ ਹੈ।

ਆਪਣੇ ਬੱਚੇ ਦੀ ਮੌਤ ਤੋਂ ਬਾਅਦ ਜੋ ਫੈਸਲੇ ਤੁਸੀਂ ਲੈਂਦੇ ਹੋ, ਉਹ ਸਭ ਤੋਂ ਮੁਸ਼ਕਲ ਫੈਸਲਿਆਂ ਵਿੱਚੋਂ ਹੋਣਗੇ ਜੋ ਤੁਹਾਨੂੰ ਕਦੇ ਵੀ ਕਰਨੇ ਪੈ ਸਕ ਦੇ ਹਨ।

ਤੁਹਾਨੂੰ ਇਹ ਜਾਣਕਾਰੀ ਇਸ ਬਾਰੇ ਸੋਚਣ ਵਿੱਚ ਮਦਦ ਕਰਨ ਲਈ ਦਿੱਤੀ ਗਈ ਹੈ ਕਿ ਕੀ ਤੁਸੀਂ ਆਪਣੇ ਬੱਚੇ ਦੀ ਪੋਸਟਮਾਰਟਮ ਜਾਂਚ (ਜਿਸ ਨੂੰ ਆਟੋਪਸੀ ਵੀ ਕਿਹਾ ਜਾਂਦਾ ਹੈ) ਕਰਵਾਉਣ ਦਾ ਫੈਸਲਾ ਕਰੋਗੇ ਜਾਂ ਨਹੀਂ। ਸਾਡਾ ਮੰਤਵ ਇਹ ਹੈ ਕਿ

ਤੁਹਾਨੂੰ ਸਾਫ਼-ਸਾਫ਼ ਅਤੇ ਸਹੀ ਜਾਣਕਾਰੀ ਦਿੱਤੀ ਜਾਵੇ ਜਿਸ ਨਾਲ ਤੁਹਾਨੂੰ ਇੱਕ ਅਜਿਹਾ ਸੋਚਿਆ ਸਮਝਿਆ ਫੈਸਲਾ ਲੈਣ ਵਿੱਚ ਮਦਦ ਮਿਲ ਸਕੇ ਜੋ ਤੁਹਾਡੇ, ਤੁਹਾਡੇ ਪਰਿਵਾਰ ਅਤੇ ਤੁਹਾਡੇ ਬੱਚੇ ਲਈ ਸਭ ਤੋਂ ਸਹੀ ਹੈ।

ਇਹ ਜਾਣਕਾਰੀ ਪੱਤਰ ਸਾਡੀਆਂ ਸੇਵਾਵਾਂ ਦੇ ਨਾਲ-ਨਾਲ ਇਹ ਦੱਸਦਾ ਹੈ ਕਿ ਪੋਸਟ-ਮਾਰਟਮ ਦੇ ਕੀ-ਕੀ ਵਿਕਲਪ ਉਪਲਬਧ ਹਨ, ਕਿੱਥੇ ਕੀਤੇ ਜਾਂਦੇ ਹਨ ਅਤੇ ਅਸੀਂ ਇਹ ਕਿਵੇਂ ਯਕੀਨੀ ਬਣਾਉਂਦੇ ਹਾਂ ਕਿ ਤੁਹਾਡਾ ਬੱਚਾ ਸੁਰੱਖਿਅਤ ਢੰਗ ਨਾਲ ਤੁਹਾਡੇ ਕੋਲ ਆਵੇ। ਜੇ ਕੋਈ ਅਜਿਹੀ ਚੀਜ਼ ਹੈ ਜਿਸ ਬਾਰੇ ਤੁਹਾਨੂੰ ਪੂਰਾ ਪੱਕਾ ਪਤਾ ਨਹੀਂ ਹੈ, ਜਾਂ ਚਾਹੁੰਦੇ ਹੋ ਕਿ ਹੋਰ ਵਿਸਥਾਰ ਨਾਲ ਸਮਝਾਇਆ ਜਾਵੇ, ਤਾਂ ਕਿਰਪਾ ਕਰਕੇ

ਉਸ ਵਿਅਕਤੀ ਨੂੰ ਇਸ ਬਾਰੇ ਪੁੱਛਣ ਵਿੱਚ ਸੰਕੋਚ ਨਾ ਕਰੋ ਜਿਸਨੇ ਤੁਹਾਨੂੰ ਇਹ ਜਾਣਕਾਰੀ ਪੱਤਰ ਦਿੱਤਾ ਸੀ। ਪੋਸਟਮਾਰਟਮ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਲੋੜੀਂਦੀ ਸਾਰੀ ਜਾਣਕਾਰੀ ਉਪਲਬਧ ਹੋਵੇ। ਹੋ ਸਕਦਾ ਹੈ ਕਿ ਤੁਸੀਂ ਇਸ ਬਾਰੇ ਆਪਣੇ ਪਰਿਵਾਰ ਨਾਲ ਚਰਚਾ ਕਰਨਾ ਚਾਹੋਗੇ। ਤੁਸੀਂ ਅਧਿਆਤਮਿਕ ਜਾਂ ਸੱਭਿਆਚਾਰਕ ਮਾਰਗਦਰਸ਼ਨ ਅਤੇ ਸਹਾਇਤਾ ਵੀ ਲੈਣੀ ਚਾਹ ਸਕਦੇ ਹੋ, ਜਾਂ ਕਿਸੇ ਅਜਿਹੇ ਮਾਤਾ-ਪਿਤਾ ਨਾਲ ਗੱਲ ਵੀ ਕਰਨਾ ਚਾਹ ਸਕਦੇ ਹੋ ਜਿਸ ਨੇ ਇਹ ਅਨੁਭਵ ਕੀਤਾ ਹੋਇਆ ਹੈ (ਸਫ਼ੇ 4 ‘ਤੇ ਸੋਗ-ਗ੍ਰਸਤ ਹੋਣ ਸੰਬੰਧੀ ਸਰੋਤ QR ਕੋਡ ਦੇਖੋ)।

## ਵਿਕਟੋਰੀਅਨ ਪੈਰੀਨੇਟਲ ਆਟੋਪਸੀ ਸੇਵਾ ਕੌਣ ਹੈ?

ਵਿਕਟੋਰੀਅਨ ਪੇਰੀਨੇਟਲ ਆਟੋਪਸੀ ਸੇਵਾ (Victorian Perinatal Autopsy Service) (VPAS) ਵਿਕਟੋਰੀਅਨ ਭਾਈਚਾਰੇ ਵਿੱਚ ‘ਪੇਰੀਨੇਟਲ’ ਮੌਤਾਂ ਲਈ ਪੋਸਟਮਾਰਟਮ ਸੇਵਾਵਾਂ ਪ੍ਰਦਾਨ ਕਰਦੀ ਹੈ। ਪੈਰੀਨੇਟਲ ਮੌਤਾਂ ਵਿੱਚ ‘ਸਟਿੱਲਬਰਥ’ ਜਾਂ ‘ਨਿਓਨੇਟਲ’ ਮੌਤਾਂ ਸ਼ਾਮਲ ਹੁੰਦੀਆਂ ਹਨ।

ਸਟਿੱਲਬਰਥ/stillbirth ਉਹ ਹੁੰਦਾ ਹੈ ਜਦੋਂ ਕੋਈ ਬੱਚਾ ਗਰਭ ਅਵਸਥਾ ਦੇ 20 ਹਫ਼ਤਿਆਂ ਬਾਅਦ ਬਗੈਰ ਕਿਸੇ ਜੀਵਨ ਦੇ ਸੰਕੇਤਾਂ ਦੇ ਪੈਦਾ ਹੁੰਦਾ ਹੈ ਜਾਂ ਜੇਕਰ ਭਾਰ 400 ਗ੍ਰਾਮ ਤੋਂ ਜ਼ਿਆਦਾ ਹੈ, ਪਰ ਗਰਭ ਅਵਸਥਾ ਦੀ ਮਿਆਦ ਬਾਰੇ ਜਾਣਕਾਰੀ ਉਪਲਬਧ ਨਹੀਂ ਹੈ। ‘ਨਿਓਨੇਟਲ’ ਮੌਤ ਉਹ ਹੁੰਦੀ ਹੈ ਜਦੋਂ ਨਵਜੰਮੇ ਬੱਚੇ ਦੀ ਮੌਤ, ਜੀਵਨ ਦੇ ਪਹਿਲੇ 28 ਦਿਨਾਂ ਦੇ ਅੰਦਰ ਹੋ ਜਾਂਦੀ ਹੈ।

VPAS ਵਿਕਟੋਰੀਆ ਸਰਕਾਰ ਦੁਆਰਾ ਤਿਆਰ ਕੀਤੀ ਗਈ ਸੀ ਅਤੇ ਇਹ ਰਾਇਲ ਵੂਮਨ ਹਸਪਤਾਲ, ਮੋਨਾਸ਼ ਹੈਲਥ, ਮਰਸੀ ਹਸਪਤਾਲ ਫਾਰ ਵੂਮਨ ਅਤੇ ਉਨ੍ਹਾਂ ਦੇ ਪੈਥੋਲੋਜੀ ਪ੍ਰਦਾਤਿਆਂ ਵਿੱਚਕਾਰ ਹੋਇਆ ਇੱਕ ਗੱਠਜੋੜ ਹੈ।

ਅਸੀਂ ਵਿਕਟੋਰੀਆ ਦੇ ਹਸਪਤਾਲਾਂ ਨਾਲ ਨਜ਼ਦੀਕੀ ਨਾਲ ਰਲ੍ਹ ਕੇ ਕੰਮ ਕਰਦੇ ਹਾਂ ਤਾਂ ਜੋ ਬੱਚੇ ਦੀ ਮੌਤ ਦਾ ਤਜੁਰਬਾ ਕਰ ਰਹੇ ਪਰਿਵਾਰਾਂ ਦੀ ਸਹਾਇਤਾ ਕੀਤੀ ਜਾ ਸਕੇ।

ਅਸੀਂ ਹਸਪਤਾਲ ਦੇ ਸਟਾਫ ਨੂੰ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਾਂ ਅਤੇ ਬੱਚੇ ਦੀ ਮੌਤ ਤੋਂ ਬਾਅਦ ਪੋਸਟਮਾਰਟਮ ਜਾਂਚਾਂ ਲਈ ਬੇਨਤੀਆਂ ਸੰਬੰਧੀ ਤਾਲਮੇਲ ਕਰਦੇ ਹਾਂ।

## ਪੋਸਟਮਾਰਟਮ ਕੀ ਹੁੰਦਾ ਹੈ?

ਪੋਸਟਮਾਰਟਮ ਇੱਕ ਮੈਡੀਕਲ ਮਾਹਰ ਦੁਆਰਾ ਮੌਤ ਤੋਂ ਬਾਅਦ ਕਿਸੇ ਸਰੀਰ ਦੀ ਡਾਕਟਰੀ ਜਾਂਚ ਨੂੰ ਕਿਹਾ ਜਾਂਦਾ ਹੈ। ਪੈਰੀਨੇਟਲ ਪੋਸਟਮਾਰਟਮ ਦੀਆਂ ਸਾਰੀਆਂ ਜਾਂਚਾਂ ਪੈਰੀਨੇਟਲ ਪੈਥੋਲੋਜਿਸਟ ਦੁਆਰਾ ਕੀਤੀਆਂ ਜਾਂਦੀਆਂ ਹਨ।

ਉਹ ਬਹੁਤ ਹੀ ਹੁਨਰਮੰਦ ਅਤੇ ਤਜਰਬੇਕਾਰ ਡਾਕਟਰ ਹੁੰਦੇ ਹਨ ਜਿਨ੍ਹਾਂ ਨੂੰ ਖਾਸ ਤੌਰ 'ਤੇ ਬੱਚਿਆਂ ਦੇ ਪੋਸਟਮਾਰਟਮ ਦੀ ਸਿਖਲਾਈ ਪ੍ਰਾਪਤ ਹੁੰਦੀ ਹੈ।

ਕਿਸੇ ਵੀ ਕਿਸਮ ਦੀ ਪੋਸਟਮਾਰਟਮ ਜਾਂਚ ਤੁਹਾਡੀ ਸਹਿਮਤੀ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ। ਤੁਹਾਡਾ ਫੈਸਲਾ ਪੇਰੀਨੇਟਲ ਪੋਸਟਮਾਰਟਮ ਜਾਂਚ ਲਈ VPAS ਸਹਿਮਤੀ ਫ਼ਾਰਮ (VPAS consent for perinatal post-mortem examination form) ਉੱਤੇ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ। ਜਾਂਚ ਤੁਹਾਡੇ ਬੱਚੇ ਦੀ ਮੌਤ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ ਕੁਝ ਕੁ ਕਾਰੋਬਾਰੀ ਦਿਨਾਂ ਦੇ ਅੰਦਰ-ਅੰਦਰ ਹੁੰਦੀ ਹੈ।

ਤੁਹਾਡੇ ਬੱਚੇ ਨੂੰ ਮਾਹਿਰ ਜਾਂਚ ਕੀਤੇ ਜਾਣ ਵਾਲੇ ਸਥਾਨ 'ਤੇ ਲਿਜਾਣ ਤੋਂ ਲੈ ਕੇ, ਜਾਂਚ ਦੇ ਦੌਰਾਨ ਅਤੇ ਜਦੋਂ ਉਸ ਨੂੰ ਤੁਹਾਡੀ ਮਰਜ਼ੀ ਦੇ ਅੰਤਿਮ ਸੰਸਕਾਰ ਨਿਰਦੇਸ਼ਕ/ਸੇਵਾ ਕੋਲ ਵਾਪਸ ਭੇਜੇ ਜਾਣ ਵੇਲੇ, ਹਰ ਸਮੇਂ ਤੁਹਾਡੇ ਬੱਚੇ ਨਾਲ ਦੇਖਭਾਲ ਅਤੇ ਸਤਿਕਾਰ ਨਾਲ ਵਿਹਾਰ ਕੀਤਾ ਜਾਵੇਗਾ।

ਪੋਸਟਮਾਰਟਮ ਜਾਂਚ ਅਤੇ ਹੋਰ ਕੋਈ ਵੀ ਵਾਧੂ ਟੈਸਟ, ਪੈਰੀਨੇਟਲ ਸੋਸਾਇਟੀ ਆਫ਼ ਆਸਟ੍ਰੇਲੀਆ ਐਂਡ ਨਿਊਜ਼ੀਲੈਂਡ (PSANZ) ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ।

ਕੁਝ ਸਥਿਤੀਆਂ ਵਿੱਚ, ਨਵੇਂ ਜਣਮੇ ਬੱਚੇ ਦੀ ਮੌਤ ਨੂੰ ਕੌਰੋਨਰ (coroner) ਕੋਲ ਰੈਫ਼ਰ ਕਰਨਾ ਜ਼ਰੂਰੀ ਹੁੰਦਾ ਹੈ। ਇਸ ਸਥਿਤੀ ਵਿੱਚ ਪੋਸਟਮਾਰਟਮ ਜਾਂਚ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੌਰੋਨਰ ਦੀ ਹੁੰਦੀ ਹੈ। ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ ਹੈ ਅਤੇ ਇਸ ਬਾਰੇ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਹੇ ਸਟਾਫ਼ ਕਰਮੀ, ਤੁਹਾਡੇ ਨਾਲ ਚਰਚਾ ਕਰਣਗੇ।

## ਅਸੀਂ ਪੋਸਟਮਾਰਟਮ ਦੀ ਪੇਸ਼ਕਸ਼ ਕਿਉਂ ਕਰਦੇ ਹਾਂ?

ਜਦੋਂ ਕਿਸੇ ਨਵੇਂ ਜਣਮੇ ਬੱਚੇ ਦੀ ਮੌਤ ਹੋ ਜਾਂਦੀ ਹੈ, ਅਸੀਂ ਇਹ ਸਮਝਣ ਲਈ ਪੋਸਟਮਾਰਟਮ ਦੀ ਪੇਸ਼ਕਸ਼ ਕਰਦੇ ਹਾਂ ਕਿ ਕੀ ਹੋਇਆ ਸੀ।

ਤੁਹਾਡੀ ਗਰਭ ਅਵਸਥਾ ਦੇ ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਹੋ ਸਕਦਾ ਹੈ ਕਿ ਪੋਸਟਮਾਰਟਮ, ਜਨਮ ਤੋਂ ਪਹਿਲਾਂ ਹੋਣ ਵਾਲੇ ਕਿਸੇ ਰੋਗ ਦੀ ਪਛਾਣ ਬਾਰੇ ਹੋਰ ਵਧੇਰੀ ਜਾਣਕਾਰੀ ਅਤੇ ਮੌਤ ਦਾ ਕਾਰਣ ਲੱਭਣ ਵਿੱਚ ਮਦਦ ਕਰ ਸਕਦੀ ਹੈ।

ਇਹ ਭਵਿੱਖ ਦੀਆਂ ਗਰਭ-ਅਵਸਥਾਵਾਂ ਲਈ ਬਹੁਮੁੱਲੀ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ ਅਤੇ ਮ੍ਰਿਤਕ ਪੈਦਾ ਹੋਣ ਦੇ ਮਾਮਲੇ ਅਤੇ ਨਿਓਨੇਟਲ ਮੌਤਾਂ ਸੰਬੰਧੀ ਅਧਿਐਨ ਵਿੱਚ ਸਹਾਇਤਾ ਕਰਦੀ ਹੈ।

## ਪੋਸਟ-ਮਾਰਟਮ ਦੀਆਂ ਵੱਖ-ਵੱਖ ਕਿਸਮਾਂ ਕੀ ਹਨ?

ਪੋਸਟ-ਮਾਰਟਮ ਦੀਆਂ ਵੱਖ-ਵੱਖ ਕਿਸਮਾਂ ਉਪਲਬਧ ਹਨ, ਹਰੇਕ ਕਿਸਮ ਵੇਰਵਿਆਂ ਦੇ ਵੱਖੋ-ਵੱਖਰੇ ਪੱਧਰ ਪ੍ਰਦਾਨ ਕਰਦੀ ਹੈ। ਜਿੰਨਾ ਜ਼ਿਆਦਾ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ, ਅਸੀਂ ਓਨੀ ਹੀ ਸਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਸਾਰੇ ਪੋਸਟਮਾਰਟਮਾਂ ਵਿੱਚ ਕਲੀਨਿਕਲ ਫੋਟੋਆਂ ਲੈਣਾ ਅਤੇ ਪਲੈਸੈਂਟਾ ਦੀ ਜਾਂਚ ਕਰਨਾ ਸ਼ਾਮਲ ਹੁੰਦਾ ਹੈ। ਇਨ੍ਹਾਂ ਵਿੱਚ ਹੋਰ ਟੈਸਟ ਵੀ ਸ਼ਾਮਲ ਹੋ ਸਕਦੇ ਹਨ ਜਿਵੇਂ ਕਿ ਐਕਸ-ਰੇ, MRI ਸਕੈਨ (ਜੋ ਵਿਸਤ੍ਰਿਤ ਅੰਦਰੂਨੀ ਚਿੱਤਰ ਦਰਸਾਉਂਦੇ ਹਨ), ਅਤੇ ਲਾਗਾਂ (ਇੰਫ਼ੈਕਸ਼ਨਾਂ) ਅਤੇ ਜੈਨੇਟਿਕ ਅਵਸਥਾਵਾਂ ਲਈ ਕੀਤੇ ਜਾਣ ਵਾਲੇ ਟੈਸਟ।

### ਮੁਕੰਮਲ ਪੋਸਟਮਾਰਟਮ

ਇੱਕ ਮੁਕੰਮਲ/ਪੂਰੇ ਪੋਸਟਮਾਰਟਮ ਵਿੱਚ ਤੁਹਾਡੇ ਬੱਚੇ ਦੇ ਸਰੀਰ ਦੀ ਪੂਰੀ ਤਰ੍ਹਾਂ ਬਾਹਰੀ ਅਤੇ ਅੰਦਰੂਨੀ ਜਾਂਚ ਸ਼ਾਮਲ ਹੁੰਦੀ ਹੈ। ਅੰਦਰੂਨੀ ਜਾਂਚ ਦੇ ਦੌਰਾਨ, ਪੈਥੋਲੋਜਿਸਟ ਆਮ ਤੌਰ 'ਤੇ ਦੋ ਚੀਰੇ (incisions) ਲਗਾਏਗਾ ਅਤੇ ਬੜੇ ਧਿਆਨ ਨਾਲ ਅੰਗਾਂ ਅਤੇ ਦਿਮਾਗ ਨੂੰ ਕੱਢ ਕੇ ਜਾਂਚ ਕਰੇਗਾ। ਟਿਸ਼ੂ (ਮਾਂਸ-ਤੰਤੂ) ਦੇ ਛੋਟੇ ਨਮੂਨੇ (ਜਿਵੇਂ ਬਾਇਓਪਸੀ 'ਚ ਕੀਤਾ ਜਾਂਦਾ ਹੈ) ਵਿਸ਼ਲੇਸ਼ਣ ਲਈ ਲਏ ਜਾਣਗੇ ਅਤੇ ਸਟੋਰ ਕੀਤੇ ਜਾਣਗੇ। ਦਿਮਾਗ ਸਮੇਤ ਕੋਈ ਵੀ ਹੋਰ ਟਿਸ਼ੂ ਜਾਂ ਅੰਗ ਨੂੰ, ਜਿਸਦੀ ਜਾਂਚ ਕਰਨ ਦੀ ਲੋੜ ਨਹੀਂ ਹੈ, ਤੁਹਾਡੇ ਬੱਚੇ ਦੇ ਸਰੀਰ ਨੂੰ ਵਾਪਸ ਕਰ ਦਿੱਤਾ ਜਾਵੇਗਾ, ਬਸ਼ਰਤੇ ਕਿ ਤੁਸੀਂ ਕੋਈ ਹੋਰ ਬੇਨਤੀ ਨਾ ਕੀਤੀ ਹੋਵੇ।

ਜਾਂਚ ਤੋਂ ਬਾਅਦ, ਚੀਰਿਆਂ ਨੂੰ ਧਿਆਨ ਨਾਲ ਬੰਦ ਕਰ ਦਿੱਤਾ ਜਾਵੇਗਾ, ਅਤੇ ਤੁਹਾਡੇ ਬੱਚੇ ਨੂੰ ਕੱਪੜੇ ਪਹਿਨਾਏ ਜਾ ਸਕਦੇ ਹਨ। ਇੱਕ ਵਾਰ ਕੱਪੜੇ ਅਤੇ ਬੀਨੀ (beanie) ਪੁਆ ਦਿੱਤੀ ਜਾਵੇ, ਤਾਂ ਫਿਰ ਟਾਂਕੇ ਦਿਖਾਈ ਨਹੀਂ ਦੇਣਗੇ।

### ਸੀਮਤ ਪੋਸਟਮਾਰਟਮ

ਇੱਕ ਸੀਮਤ ਪੋਸਟਮਾਰਟਮ ਵਿੱਚ, ਪੂਰੇ ਪੋਸਟਮਾਰਟਮ ਦੇ ਕੁਝ ਹਿੱਸੇ ਹੀ ਕੀਤੇ ਜਾਂਦੇ ਹਨ।

ਪੈਥੋਲੋਜਿਸਟ ਤੁਹਾਡੇ ਬੱਚੇ ਦੇ ਸਰੀਰ ਦੇ ਬਾਹਰੀ ਹਿੱਸੇ ਦੀ ਚੰਗੀ ਤਰ੍ਹਾਂ ਜਾਂਚ ਕਰੇਗਾ। ਫਿਰ ਉਹ ਤੁਹਾਡੇ ਅਤੇ ਤੁਹਾਡੇ ਡਾਕਟਰ ਦੁਆਰਾ ਨਿਰਧਾਰਤ ਕੀਤੇ ਗਏ ਖਾਸ ਅੰਗਾਂ ਜਾਂ ਖੇਤਰਾਂ ਦੀ ਇੱਕ ਸੀਮਤ ਅੰਦਰੂਨੀ ਜਾਂਚ ਕਰਨਗੇ।

ਉਦਾਹਰਨ ਲਈ, ਤੁਸੀਂ ਸਿਰਫ਼ ਇਹ ਚੋਣ ਕਰ ਸਕਦੇ ਹੋ ਕਿ ਸਿਰਫ਼ ਬਾਹਰੀ ਜਾਂਚ ਅਤੇ ਸਿਰਫ਼ ਪੇਟ (ਢਿੱਡ) ਦੇ ਅੰਦਰੂਨੀ ਅੰਗਾਂ ਦੀ ਹੀ ਜਾਂਚ ਕੀਤੀ ਜਾਵੇ। ਜਾਂ, ਤੁਸੀਂ ਜੈਨੇਟਿਕ ਜਾਂਚ ਲਈ ਸਿਰਫ ਚਮੜੀ ਦੇ ਨਮੂਨੇ ਲੈਣ ਲਈ ਸਹਿਮਤਿ ਦੇਣਾ ਚਾਹ ਸਕਦੇ ਹੋ।

ਟਿਸ਼ੂ ਦੇ ਛੋਟੇ ਨਮੂਨੇ ਵਿਸ਼ਲੇਸ਼ਣ ਲਈ ਲਏ ਜਾਣਗੇ ਅਤੇ ਸਟੋਰ ਕੀਤੇ ਜਾਣਗੇ।

### ਬਾਹਰੀ ਪੋਸਟਮਾਰਟਮ

ਇੱਕ ਬਾਹਰੀ ਪੋਸਟਮਾਰਟਮ ਵਿੱਚ ਤੁਹਾਡੇ ਬੱਚੇ ਦੇ ਸਰੀਰ ਦੇ ਬਾਹਰੀ ਹਿੱਸੇ ਦੀ ਪੂਰੀ ਜਾਂਚ ਸ਼ਾਮਲ ਹੁੰਦੀ ਹੈ। ਕੋਈ ਅੰਦਰੂਨੀ ਜਾਂਚ ਨਹੀਂ ਹੋਵੇਗੀ, ਕੋਈ ਚੀਰਾ ਨਹੀਂ ਮਾਰਿਆ ਜਾਵੇਗਾ ਅਤੇ ਟਿਸ਼ੂ ਦੇ ਨਮੂਨੇ ਨਹੀਂ ਲਏ ਜਾਣਗੇ।

## ਪੋਸਟਮਾਰਟਮ ਤੋਂ ਬਾਅਦ ਟਿਸ਼ੂ ਅਤੇ ਅੰਗਾਂ ਦਾ ਕੀ ਹੁੰਦਾ ਹੈ?

ਪੋਸਟਮਾਰਟਮ ਤੋਂ ਬਾਅਦ, ਪੈਰੀਨੇਟਲ ਪੈਥੋਲੋਜਿਸਟ, ਮਾਈਕ੍ਰੋਸਕੋਪ ਦੇ ਹੇਠਾਂ ਟਿਸ਼ੂ ਦੇ ਛੋਟੇ ਟੁਕੜਿਆਂ ਦੀ ਜਾਂਚ ਕਰੇਗਾ।

ਇਨ੍ਹਾਂ ਨਮੂਨਿਆਂ ਨੂੰ ਆਮ ਤੌਰ 'ਤੇ ਮੋਮ ਦੇ ਬਲਾਕਾਂ (wax blocks) ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ। ਇੱਕ ਵਾਰ ਜਾਂਚ ਹੋ ਜਾਏ, ਇਨ੍ਹਾਂ ਬਲਾਕਾਂ ਨੂੰ ਪੈਥੋਲੋਜੀ ਵਿਭਾਗ ਵਿੱਚ ਸਟੋਰ ਕੀਤਾ ਜਾਂਦਾ ਹੈ। ਪੋਸਟਮਾਰਟਮ ਦੌਰਾਨ ਲਏ ਗਏ ਟਿਸ਼ੂ (ਮੋਮ ਦੇ ਬਲਾਕ) ਨੂੰ ਘੱਟੋ-ਘੱਟ 25 ਸਾਲਾਂ ਤੱਕ ਰੱਖਣ ਦੀ ਹਸਪਤਾਲਾਂ ਦੀ ਕਾਨੂੰਨੀ ਤੌਰ 'ਤੇ ਜ਼ਿੰਮੇਵਾਰੀ ਹੁੰਦੀ ਹੈ।

ਟਿਸ਼ੂ ਦਾ ਇੱਕ ਛੋਟਾ ਜਿਹਾ ਨਮੂਨਾ ਫ੍ਰੀਜ਼ ਵੀ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਤੁਹਾਡੇ ਜਾਂ ਤੁਹਾਡੇ ਡਾਕਟਰ ਵੱਲੋਂ ਜ਼ਰੂਰੀ ਸਮਝੇ ਜਾਣ ਵਾਲੇ ਟੈਸਟਾਂ ਲਈ ਸਟੋਰ ਕੀਤਾ ਜਾ ਸਕਦਾ ਹੈ। ਬਾਕੀ ਬਚੇ ਸਾਰੇ ਟਿਸ਼ੂ ਜਾਂ ਅੰਗ ਤੁਹਾਡੇ ਬੱਚੇ ਦੇ ਸਰੀਰ ਨੂੰ ਵਾਪਸ ਕਰ ਦਿੱਤੇ ਜਾਣਗੇ। ਪਰ, ਕਈ ਵਾਰ ਬਹੁਤ ਛੋਟੇ ਬੱਚਿਆਂ ਦੇ ਬਹੁਤ ਹੀ ਛੋਟੇ ਅੰਗਾਂ ਦੇ ਮਾਮਲਿਆਂ ਵਿੱਚ, ਸਾਨੂੰ ਜਾਂਚ ਲਈ ਲੋੜੀਂਦੇ ਨਮੂਨੇ ਲੈਣ ਲਈ ਪੂਰੇ ਅੰਗ ਦੀ ਲੋੜ ਪੈ ਸਕਦੀ ਹੈ।

ਜੇਕਰ ਖੋਜ ਅਤੇ ਸਿੱਖਣ-ਸਿਖਾਉਣ ਵਾਸਤੇ ਬਾਕੀ ਦੇ ਬਚੇ ਹੋਏ ਕਿਸੇ ਟਿਸ਼ੂ ਜਾਂ ਅੰਗਾਂ ਦੀ ਵਰਤੋਂ ਕਰਨ ਲਈ ਤੁਸੀਂ ਹਸਪਤਾਲ ਨੂੰ ਇਜਾਜ਼ਤ ਦਿੱਤੀ ਹੈ, ਤਾਂ ਕਿਰਪਾ ਕਰਕੇ ਧਿਆਨ ਰੱਖੋ ਕਿ ਇਸ ਵਿੱਚ ਮੋਮ ਦੇ ਬਲਾਕਾਂ ਵਿੱਚ ਰੱਖਿਆ ਗਿਆ ਟਿਸ਼ੂ, ਤਾਜ਼ਾ ਟਿਸ਼ੂ ਅਤੇ ਕਲੀਨਿਕਲ ਫੋਟੋਆਂ ਸ਼ਾਮਲ ਹੋ ਸਕਦੀਆਂ ਹਨ। ਇਨ੍ਹਾਂ ਵਸਤੂਆਂ ਤੋਂ ਤੁਹਾਡੇ ਬੱਚੇ ਦੀ ਪਛਾਣ ਨਹੀਂ ਹੋਵੇਗੀ।

ਜੇ ਤੁਸੀਂ ਚਾਹੋ, ਤਾਂ ਜਾਂਚ ਤੋਂ ਬਾਅਦ ਤੁਹਾਡਾ ਪਲੈਸੈਂਟਾ ਤੁਹਾਨੂੰ ਵਾਪਸ ਕੀਤਾ ਜਾ ਸਕਦਾ ਹੈ। ਪਲੇਸੈਂਟਲ ਜਾਂਚ ਵਿੱਚ ਸ਼ਾਮਲ ਹੁੰਦਾ ਹੈ ਜਾਂਚ ਲਈ ਇੱਕ ਛੋਟਾ ਜਿਹਾ ਨਮੂਨਾ ਲਿਆ ਜਾਣਾ ਅਤੇ ਫੋਰਮਾਲਿਨ (ਪਲੈਸੈਂਟਾ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰਨ ਵਾਲਾ ਇੱਕ ਰਸਾਇਣ) ਦੀ ਵਰਤੋਂ।

## ਪੋਸਟਮਾਰਟਮ ਦੇ ਕੀ ਫਾਇਦੇ ਅਤੇ ਨੁਕਸਾਨ ਹਨ?

ਫਾਇਦੇ

ਪੋਸਟ ਮਾਰਟਮ ਹੇਠ ਲਿਖੀਆਂ ਚੀਜ਼ਾਂ ਵਿੱਚ ਮਦਦ ਕਰ ਸਕਦਾ ਹੈ:

- ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਜਾਂ ਮੌਤ ਦੇ ਕਿਨ੍ਹਾਂ ਕਾਰਨਾਂ ਨੂੰ ਖਾਰਿਜ ਕੀਤਾ ਜਾ ਸਕਦਾ ਹੈ।
- ਆਪਣੇ ਬੱਚੇ ਦੀ ਗਰਭਕਾਲੀ ਉਮਰ ਦੀ ਪੁਸ਼ਟੀ ਕਰਨਾ।
- ਆਪਣੇ ਬੱਚੇ ਦੇ ਲਿੰਗ ਦੀ ਪੁਸ਼ਟੀ ਕਰਨਾ।
- ਮੌਤ ਦਾ ਅੰਦਾਜ਼ਨ ਸਮਾਂ ਪ੍ਰਦਾਨ ਕਰਨਾ।
- ਜੈਨੇਟਿਕ ਜਾਂ ਸਰੀਰਕ ਸਮੱਸਿਆਵਾਂ ਦੀ ਮਹੱਤਤਾ ਦੀ ਵਿਆਖਿਆ ਕਰਨਾ।
- ਭਵਿੱਖ ਦੀਆਂ ਗਰਭ-ਅਵਸਥਾਵਾਂ ਲਈ ਧਿਆਨਯੋਗ ਰੱਖੀਆਂ ਜਾਣ ਵਾਲੀਆਂ ਗੱਲਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ।
- ਡੇਟਾ ਅਤੇ ਜਾਣਕਾਰੀ ਪ੍ਰਦਾਨ ਕਰਨਾ ਤਾਂ ਜੋ ਪੈਰੀਨੇਟਲ ਘਟਨਾਵਾਂ ਬਾਰੇ ਰਿਸਰਚ (ਖੋਜ) ਵਿੱਚ ਮਾਰਗਦਰਸ਼ਨ ਅਤੇ ਭਵਿੱਖ ਵਿੱਚ ਹੋਰ ਪਰਿਵਾਰਾਂ ਅਤੇ ਬੱਚਿਆਂ ਨੂੰ ਮਦਦ ਮਿਲ ਸਕੇ।

ਨੁਕਸਾਨ

- ਹੋ ਸਕਦਾ ਹੈ ਕਿ ਪੋਸਟ ਮਾਰਟਮ ਹਮੇਸ਼ਾ ਮੌਤ ਦਾ ਕੋਈ ਖਾਸ ਕਾਰਨ ਪ੍ਰਦਾਨ ਨਾ ਕਰ ਪਾਵੇ।
- ਪੋਸਟ ਮਾਰਟਮ ਦੇ ਸਮੇਂ ਕਦੇ-ਕਦਾਈਂ ਕੀਤੇ ਜਾਣ ਵਾਲੇ ਗੁੰਝਲਦਾਰ ਟੈਸਟਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਲੰਬੇ ਸਮੇਂ ਤੱਕ ਇਸ ਦੁਨੀਆ ਵਿੱਚ ਰਹਿਣਾ ਪੈਂਦਾ ਹੈ, ਅਤੇ ਅੰਤਮ ਸੰਸਕਾਰ ਦੇ ਬੰਦੋਬਸਤਾਂ ਵਿੱਚ ਦੇਰੀ ਹੋ ਸਕਦੀ ਹੈ। ਤੁਸੀਂ ਇਹ ਫੈਸਲਾ ਕਰਨ ਦੇ ਯੋਗ ਹੋਵੋਗੇ ਕਿ ਕੀ ਇਹ ਟੈਸਟ ਕਰਵਾਉਣੇ ਹਨ, ਅਤੇ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਲਈ ਇਹ ਸਪੱਸ਼ਟ ਕਰ ਸਕਦੀ ਹੈ ਕਿ ਉਨ੍ਹਾਂ ਵਿੱਚ ਕਿੰਨਾ ਸਮਾਂ ਲੱਗ ਸਕਦਾ ਹੈ।
- ਅੰਦਰੂਨੀ ਜਾਂਚ ਤੋਂ ਬਾਅਦ, ਤੁਹਾਡੇ ਬੱਚੇ ਨੂੰ ਟਾਂਕੇ ਲੱਗੇ ਹੋਣਗੇ, ਪਰ ਜਦੋਂ ਤੁਹਾਡੇ ਬੱਚੇ ਦੇ ਕੱਪੜੇ ਪਾਏ ਜਾਣਗੇ ਤਾਂ ਉਹ ਦਿਖਾਈ ਨਹੀਂ ਦੇਣਗੇ।
- ਕੁਝ ਪਰਿਵਾਰ ਪੂਰੇ/ਮੁਕੰਮਲ ਪੋਸਟ ਮਾਰਟਮ ਤੋਂ ਬਾਅਦ ਇਸ ਚੀਜ਼ ਵਿੱਚ ਫਰਕ ਮਹਿਸੂਸ ਕਰ ਸਕਦੇ ਨੇ ਕਿ ਉਨ੍ਹਾਂ ਦਾ ਬੱਚਾ ਉਨ੍ਹਾਂ ਨੂੰ ਕਿਵੇਂ ਮਹਿਸੂਸ ਹੋ ਰਿਹਾ ਹੈ।

## ਪੋਸਟਮਾਰਟਮ ਕਿੱਥੇ ਕੀਤਾ ਜਾਵੇਗਾ?

ਵਿਕਟੋਰੀਆ ਵਿੱਚ ਪੋਸਟਮਾਰਟਮ ਦੀਆਂ ਜਾਂਚਾਂ ਤਿੰਨ ਮਾਹਰ ਸਥਾਨਾਂ ਵਿੱਚੋਂ ਕਿਸੇ ਇੱਕ 'ਤੇ ਕੀਤੀਆਂ ਜਾਂਦੀਆਂ ਹਨ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਬੱਚੇ ਦੀ ਮੌਤ ਕਿੱਥੇ ਹੋਈ ਹੈ। ਇਹ ਸਾਰੇ ਸਥਾਨ ਮੈਲਬੌਰਨ ਵਿੱਚ ਸਥਿਤ ਹਨ। ਉਹ ਹਨ:

- ਰਾਇਲ ਵੂਮਨ ਹਸਪਤਾਲ, Parkville (ਰਾਇਲ ਚਿਲਡਰਨ ਹਸਪਤਾਲ ਪੈਥੋਲੋਜੀ)
- ਮਰਸੀ ਹਸਪਤਾਲ ਫਾਰ ਵੂਮਨ Heidelberg (Austin ਪੈਥੋਲੋਜੀ)
- ਮੋਨਾਸ਼ ਹੈਲਥ, Clayton (Monash ਪੈਥੋਲੋਜੀ)

ਤੁਹਾਡੀ ਦੇਖਭਾਲ ਕਰਨ ਵਾਲਾ ਸਟਾਫ ਤੁਹਾਨੂੰ ਦੱਸੇਗਾ ਕਿ ਕਿਹੜਾ ਹਸਪਤਾਲ ਤੁਹਾਡੇ ਬੱਚੇ ਦੀ ਜਾਂਚ ਕਰੇਗਾ।

## ਜਾਂਚ ਲਈ ਮੇਰੇ ਬੱਚੇ ਨੂੰ ਕੌਣ ਲਵੇਗਾ?

ਟ੍ਰਾਂਸਪੋਰਟ (ਆਵਾਜਾਈ) ਵਾਸਤੇ ਸਾਡੇ ਕੋਲ ਇੱਕ ਸਮਰਪਿਤ ਟੀਮ ਹੈ ਜੋ ਬੱਚਿਆਂ ਦੀ ਦੇਖਭਾਲ ਲਈ ਤਜਰਬੇਕਾਰ ਅਤੇ ਸਿਖਲਾਈ ਪ੍ਰਾਪਤ ਹੁੰਦੇ ਹਨ।

ਜੇਕਰ ਤੁਸੀਂ ਆਪਣੇ ਬੱਚੇ ਦਾ ਪੋਸਟਮਾਰਟਮ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਅਸੀਂ ਆਪਣੀ ਟੀਮ ਨੂੰ ਉਸ ਹਸਪਤਾਲ ਵਿਖੇ ਭੇਜਾਂਗੇ ਜਿੱਥੇ ਤੁਹਾਡਾ ਬੱਚਾ ਹੈ। ਉਹ ਯਕੀਨੀ ਬਣਾਉਣਗੇ ਕਿ ਤੁਹਾਡਾ ਬੱਚਾ ਯਾਤਰਾ ਲਈ ਤਿਆਰ ਹੈ ਅਤੇ ਸੁਰੱਖਿਅਤ ਢੰਗ ਨਾਲ ਜਾਂਚ ਲਈ ਪਹੁੰਚਦਾ ਹੈ।

ਜੇਕਰ ਤੁਸੀਂ ਵਿਕਟੋਰੀਆ ਦੇ ਕਿਸੇ ਦੂਰ-ਦੁਰੇਡੇ ਖੇਤਰ ਵਿੱਚ ਰਹਿੰਦੇ ਹੋ, ਤਾਂ ਅਸੀਂ ਤੁਹਾਡੇ ਬੱਚੇ ਨੂੰ ਅੰਤਿਮ ਸੰਸਕਾਰ ਵਿੱਚ ਮਦਦ ਕਰਨ ਲਈ ਤੁਹਾਡੇ ਵੱਲੋਂ ਚੁਣੇ ਗਏ ਨਿਰਦੇਸ਼ਕ/ਦਾਹ-ਸੰਸਕਾਰ ਸੇਵਾ ਕੋਲ ਵਾਪਸ ਭੇਜਣ ਦਾ ਵੀ ਪ੍ਰਬੰਧ ਕਰਾਂਗੇ।

ਇਹ ਸੇਵਾ ਮੁਫਤ ਹੈ।

## ਪੋਸਟਮਾਰਟਮ ਵਿੱਚ ਕਿੰਨਾ ਸਮਾਂ ਲੱਗਦਾ ਹੈ?

ਪੋਸਟਮਾਰਟਮ ਦੀ ਜਾਂਚ ਐਕਸ-ਰੇ ਜਾਂ MRI ਵਰਗੇ ਬਾਹਰੀ ਟੈਸਟਾਂ ਤੋਂ ਸ਼ੁਰੂ ਹੁੰਦੀ ਹੈ। ਇਹ ਟੈਸਟ ਜਿੰਨੀ ਜਲਦੀ ਹੋ ਸਕੇ ਕੀਤੇ ਜਾਣਗੇ ਪਰ ਸੇਵਾਵਾਂ ਕਦੋਂ ਉਪਲਬਧ ਹੁੰਦੀਆਂ ਹਨ, ਇਸ 'ਤੇ ਨਿਰਭਰ ਕਰਦੇ ਹੋਏ, ਇਸ ਵਿੱਚ ਕੁਝ ਦਿਨ ਲੱਗ ਸਕਦੇ ਹਨ।

ਇਹ ਟੈਸਟ ਪੂਰੇ ਹੋਣ ਤੋਂ ਬਾਅਦ, ਅੰਦਰੂਨੀ ਜਾਂਚ, ਜਿਸ ਵਿੱਚ ਸਰਜਰੀ ਸ਼ਾਮਲ ਹੁੰਦੀ ਹੈ, ਕੀਤੀ ਜਾ ਸਕਦੀ ਹੈ। ਅੰਦਰੂਨੀ ਜਾਂਚ ਵਿੱਚ ਲਗਭਗ ਤਿੰਨ ਘੰਟੇ ਲੱਗਣਗੇ।

ਅਸੀਂ ਸਮਝਦੇ ਹਾਂ ਕਿ ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਸਾਡੀ ਦੇਖਭਾਲ ਵਿੱਚ ਕਿੰਨਾ ਸਮਾਂ ਰਹੇਗਾ, ਕਿਉਂਕਿ ਇਸ ਨਾਲ ਤੁਹਾਡੇ ਬੱਚੇ ਦੇ ਅੰਤਿਮ ਸੰਸਕਾਰ ਦੀਆਂ ਤੁਹਾਡੀਆਂ ਯੋਜਨਾਵਾਂ ਉੱਪਰ ਪ੍ਰਭਾਵ ਪੈ ਸਕਦਾ ਹੈ।

ਵਿਚਾਰਨ ਵਾਲੀ ਇੱਕ ਹੋਰ ਗੱਲ ਇਹ ਹੈ ਕਿ ਤੁਸੀਂ ਅਤੇ ਤੁਹਾਡਾ ਬੱਚਾ ਕਿੱਥੇ ਸਥਿਤ ਹੋ। ਜੇਕਰ ਤੁਸੀਂ ਵਿਕਟੋਰੀਆ ਦੇ ਕਿਸੇ ਦੂਰ-ਦੁਰੇਡੇ ਖੇਤਰ ਵਿੱਚ ਹੋ, ਤਾਂ ਤੁਹਾਡੇ ਬੱਚੇ ਨੂੰ ਮੈਲਬੌਰਨ ਵਿਖੇ ਪੈਰੀਨੇਟਲ ਪੈਥੋਲੋਜਿਸਟ ਕੋਲ ਲਿਜਾਣ ਵਿੱਚ ਲੱਗਣ ਵਾਲੇ ਸਮੇਂ ਨੂੰ ਅਸੀਂ ਧਿਆਨ ਵਿੱਚ ਰੱਖਣਾ ਹੁੰਦਾ ਹੈ।

ਤੁਹਾਡੇ ਬੱਚੇ ਨੂੰ ਤੁਹਾਡੇ ਕੋਲ ਕਦੋਂ ਵਾਪਸ ਕੀਤਾ ਜਾਵੇਗਾ ਇਸ ਬਾਰੇ ਵਧੇਰੇ ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੀ ਦੇਖਭਾਲ ਕਰਨ ਵਾਲਾ ਸਟਾਫ, VPAS ਕੋਆਰਡੀਨੇਟਰ ਨਾਲ ਸੰਪਰਕ ਕਰ ਸਕਦਾ ਹੈ।

## ਪੋਸਟਮਾਰਟਮ ਤੋਂ ਬਾਅਦ ਕੀ ਹੁੰਦਾ ਹੈ?

ਜਦੋਂ ਪੋਸਟਮਾਰਟਮ ਦੀ ਜਾਂਚ ਪੂਰੀ ਹੋ ਜਾਂਦੀ ਹੈ ਤਾਂ ਅਸੀਂ ਅੰਤਿਮ ਸੰਸਕਾਰ ਦੇ ਉਸ ਨਿਰਦੇਸ਼ਕ ਨਾਲ ਸੰਪਰਕ ਕਰਦੇ ਹਾਂ ਜਿਸਨੂੰ ਤੁਸੀਂ ਅੰਤਿਮ ਸੰਸਕਾਰ ਦੇ ਪ੍ਰਬੰਧਾਂ ਵਿੱਚ ਤੁਹਾਡੀ ਮਦਦ ਕਰਨ ਲਈ ਚੁਣਿਆ ਹੈ।

ਤੁਹਾਡੇ ਬੱਚੇ ਨੂੰ ਸਾਡੀ ਦੇਖਭਾਲ ਤੋਂ ਉਨ੍ਹਾਂ ਨੂੰ ਸੁਰੱਖਿਅਤ ਅਤੇ ਆਦਰਪੂਰਵਕ ਦੇਖਭਾਲ ਵਿੱਚ ਦਿੱਤੇ ਜਾਣ ਦਾ ਅਸੀਂ ਤਾਲਮੇਲ ਕਰਾਂਗੇ।

## ਕੀ ਤੁਸੀਂ ਪੋਸਟਮਾਰਟਮ ਤੋਂ ਬਾਅਦ ਆਪਣੇ ਬੱਚੇ ਨੂੰ ਦੇਖ ਸਕਦੇ ਹੋ?

ਹਾਂ। ਕੁਝ ਮਾਪੇ ਪੋਸਟਮਾਰਟਮ ਦੀ ਜਾਂਚ ਤੋਂ ਬਾਅਦ ਆਪਣੇ ਬੱਚੇ ਨਾਲ ਸਮਾਂ ਬਿਤਾਉਣ ਦੀ ਚੋਣ ਕਰਦੇ ਹਨ, ਜਾਂ ਤਾਂ ਉਸ ਵੇਲੇ ਜਦੋਂ ਬੱਚਾ ਅੰਤਿਮ ਸੰਸਕਾਰ ਡਾਇਰੈਕਟਰ ਦੀ ਦੇਖਭਾਲ ਵਿੱਚ ਹੁੰਦਾ ਹੈ ਜਾਂ, ਕੁਝ ਮਾਮਲਿਆਂ ਵਿੱਚ, ਘਰ ਵਿੱਚ।

## ਤੁਹਾਨੂੰ ਪੋਸਟਮਾਰਟਮ ਦੇ ਨਤੀਜੇ ਕਦੋਂ ਮਿਲਣਗੇ?

ਪੋਸਟਮਾਰਟਮ ਦੀ ਜਾਂਚ ਤੋਂ ਬਾਅਦ, ਪੈਰੀਨੇਟਲ ਪੈਥੋਲੋਜਿਸਟ ਇਹ ਦੱਸਦੇ ਹੋਏ ਵਿਸਥਾਰ ਵਿੱਚ ਰਿਪੋਰਟ ਲਿਖੇਗਾ ਕਿ ਉਨ੍ਹਾਂ ਨੂੰ ਕੀ ਦੇਖਣ ਨੂੰ ਮਿਲਿਆ ਹੈ। ਰਿਪੋਰਟ ਆਮ ਤੌਰ 'ਤੇ 10 ਤੋਂ 12 ਹਫ਼ਤਿਆਂ ਦੇ ਅੰਦਰ ਪੂਰੀ ਹੋ ਜਾਂਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਲੋੜੀਂਦੇ ਟੈਸਟਾਂ ਅਤੇ ਨਤੀਜਿਆਂ ਨੂੰ ਪ੍ਰਾਪਤ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ।

ਰਿਪੋਰਟ ਉਸ ਡਾਕਟਰ ਨੂੰ ਭੇਜੀ ਜਾਵੇਗੀ ਜਿਸਨੇ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਕੀਤੀ ਹੁੰਦੀ ਹੈ। ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਦੌਰਾਨ ਕੀ ਪਾਇਆ ਗਿਆ ਇਸ ਬਾਰੇ ਚਰਚਾ ਕਰਨ ਲਈ ਉਹ ਤੁਹਾਡੇ ਨਾਲ ਇੱਕ ਫਾਲੋ-ਅੱਪ (ਅਗਲੀ) ਮੁਲਾਕਾਤ ਦਾ ਪ੍ਰਬੰਧ ਕਰਨਗੇ।

## ਇਸ ਵਿੱਚ ਕਿੰਨਾ ਖਰਚਾ ਹੁੰਦਾ ਹੈ?

ਪੋਸਟਮਾਰਟਮ ਦੀ ਜਾਂਚ ਦਾ ਕੋਈ ਖਰਚਾ ਨਹੀਂ ਹੈ। ਇਹ VPAS ਦੁਆਰਾ ਕਵਰ ਕੀਤਾ ਜਾਂਦਾ ਹੈ।

ਤੁਹਾਡੇ ਬੱਚੇ ਨੂੰ ਜਾਂਚ ਲਈ ਮਾਹਰ ਸਥਾਨਾਂ 'ਤੇ ਲਿਜਾਣ ਦਾ ਅਤੇ ਦੂਰ-ਦੁਰੇਡੇ ਸਥਾਨਾਂ ਤੋਂ ਬੱਚੇ ਨੂੰ ਘਰ ਲਿਆਉਣ ਦੀ ਲਾਗਤ ਦਾ ਖਰਚਾ ਵੀ ਅਸੀਂ ਚੁੱਕਾਂਗੇ।

## ਤੁਹਾਨੂੰ ਕਦੋਂ ਫੈਸਲਾ ਕਰਨਾ ਹੁੰਦਾ ਹੈ?

ਤੁਹਾਡੇ ਬੱਚੇ ਦੀ ਮੌਤ ਤੋਂ ਬਾਅਦ ਬਹੁਤ ਜਲਦ ਹੀ, ਤੁਹਾਡੀ ਸਿਹਤ ਸੰਭਾਲ ਟੀਮ ਪੋਸਟਮਾਰਟਮ ਕਰਵਾਉਣ ਬਾਰੇ ਤੁਹਾਡੇ ਨਾਲ ਗੱਲ ਕਰੇਗੀ। ਜਿੰਨੀ ਜਲਦੀ ਹੋ ਸਕੇ ਇਹ ਫੈਸਲਾ ਲੈਣਾ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਕੀਤਾ ਗਿਆ ਇੰਤਜ਼ਾਰ, ਜਾਂਚ ਦੇ ਨਤੀਜਿਆਂ ਦੀ ਸ਼ੁੱਧਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਆਪਣੇ ਪਰਿਵਾਰ ਅਤੇ ਬੱਚੇ ਨਾਲ ਤੁਹਾਨੂੰ ਜਿੰਨਾਂ ਸਮਾਂ ਚਾਹੀਦਾ ਹੈ, ਗੁਜ਼ਾਰੋ, ਇਹ ਚੋਣ ਕਰਨ ਲਈ ਕਿ ਤੁਹਾਨੂੰ ਆਪਣੇ ਲਈ ਕੀ ਸਹੀ ਮਹਿਸੂਸ ਹੁੰਦਾ ਹੈ।

## ਵਧੇਰੀ ਜਾਣਕਾਰੀ

ਹੇਠ ਲਿਖੀਆਂ ਚੀਜ਼ਾਂ ਬਾਰੇ ਜਾਣਕਾਰੀ ਲਈ ਤੁਸੀਂ ਇਨ੍ਹਾਂ QR ਕੋਡਸ ਨੂੰ ਸਕੈਨ ਕਰ ਸਕਦੇ ਹੋ:

ਪੈਰੀਨੇਟਲ ਆਟੋਪਸੀ (ਪੋਸਟਮਾਰਟਮ)।

ਸੋਗ ਨਾਲ ਨਜਿੱਠਣ ਲਈ ਵਸੀਲੇ

### ਜੇਕਰ ਤੁਹਾਨੂੰ ਹੋਰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ VPAS ਕੋਆਰਡੀਨੇਟਰ ਨਾਲ ਸੰਪਰਕ ਕਰੋ

T 1800 841 024

E VPAC@thewomens.org.au

### ਖੁੱਲਣ ਦੇ ਘੰਟੇ

ਸੋਮਵਾਰ-ਸ਼ੁੱਕਰਵਾਰ

ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ।